medicare



# ਸਸਤੀਆਂ ਦਵਾਈਆਂ

## PBS ਦਵਾਈਆਂ ਲਈ ਘੱਟ ਸਹਿ-ਭੁਗਤਾਨ

### PBS ਕੀ ਹੈ?

ਫਾਰਮਾਸਿਊਟੀਕਲ ਬੈਨੀਫਿਟਸ ਸਕੀਮ (PBS) ਆਸਟ੍ਰੇਲੀਆ ਸਰਕਾਰ ਦਾ ਇੱਕ ਪ੍ਰੋਗਰਾਮ ਹੈ ਜੋ ਮੈਡੀਕੇਅਰ ਦਾ ਹਿੱਸਾ ਹੈ। PBS ਆਸਟ੍ਰੇਲੀਆ ਦੇ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਸਿਹਤ ਸਮੱਸਿਆਵਾਂ ਲਈ 900 ਤੋਂ ਵੱਧ ਸਬਸਿਡੀ ਵਾਲੀਆਂ ਪਰਚੀ ਤੇ ਮਿਲਣ ਵਾਲੀਆਂ ਦਵਾਈਆਂ ਤੱਕ ਪਹੁੰਚ ਪ੍ਰਦਾਨ ਕਰਦਾ ਹੈ।

PBS ਜ਼ਰੂਰੀ ਦਵਾਈਆਂ ਤੱਕ ਕਿਫਾਇਤੀ ਪਹੁੰਚ ਵਿੱਚ ਮੱਦਦ ਕਰਦਾ ਹੈ ਅਤੇ ਪੁਰਾਣੀ ਬਿਮਾਰੀ ਅਤੇ ਲੰਬੇ ਸਮੇਂ ਦੇ ਇਲਾਜ ਦੇ ਵਿੱਤੀ ਬੋਝ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ।

### PBS ਦਵਾਈਆਂ ਦੀ ਕੀਮਤ ਕਿਵੇਂ ਕੰਮ ਕਰਦੀ ਹੈ?

ਜਦੋਂ ਤੁਸੀਂ PBS 'ਤੇ ਸੂਚੀਬੱਧ ਕੋਈ ਦਵਾਈ ਖਰੀਦਦੇ ਹੋ, ਤਾਂ ਕੀਮਤ ਵੱਧ ਤੋਂ ਵੱਧ ਭੁਗਤਾਨ ਤੱਕ ਸੀਮਤ ਹੁੰਦੀ ਹੈ ਜਿਸਨੂੰ PBS ਮਰੀਜ਼ ਵਲੋਂ ਕੀਤਾ ਜਾਣ ਵਾਲਾ ਸਹਿ-ਭੁਗਤਾਨ ਕਿਹਾ ਜਾਂਦਾ ਹੈ।

ਮਰੀਜ਼ ਵਲੋਂ ਕੀਤਾ ਜਾਣ ਵਾਲਾ ਸਹਿ-ਭੁਗਤਾਨ, ਅਤੇ ਕੋਈ ਵੀ ਲਾਗੂ ਪ੍ਰੀਮੀਅਮ (ਵਾਧੂ ਲਾਗਤ), PBS ਦਵਾਈ ਲਈ ਤੁਹਾਡੇ ਤੋਂ ਲਈ ਜਾਣ ਵਾਲੀ ਵੱਧ ਤੋਂ ਵੱਧ ਰਕਮ ਹੈ। ਕੁਝ PBS ਦਵਾਈਆਂ ਦੀ ਕੀਮਤ ਇਸ ਤੋਂ ਘੱਟ ਹੁੰਦੀ ਹੈ।

ਜੇਕਰ ਕਿਸੇ ਦਵਾਈ ਦੀ ਕੀਮਤ ਮਰੀਜ਼ ਦੇ ਸਹਿ-ਭੁਗਤਾਨ ਤੋਂ ਵੱਧ ਹੁੰਦੀ ਹੈ, ਤਾਂ ਆਸਟ੍ਰੇਲੀਆ ਸਰਕਾਰ ਉਸਦੇ ਫਰਕ ਦਾ ਭੁਗਤਾਨ ਕਰਦੀ ਹੈ। PBS-ਸੂਚੀਬੱਧ ਪੰਜ ਵਿੱਚੋਂ ਚਾਰ ਦਵਾਈਆਂ ਦੀ ਕੀਮਤ ਆਮ ਮਰੀਜ਼ ਦੇ ਸਹਿ-ਭੁਗਤਾਨ ਤੋਂ ਵੱਧ ਹੁੰਦੀ ਹੈ।

ਜੇਕਰ ਤੁਸੀਂ ਇੱਕ ਬ੍ਰਾਂਡ ਪ੍ਰੀਮੀਅਮ ਵਾਲੀ ਦਵਾਈ ਵਾਲਾ ਇੱਕ ਮਹਿੰਗਾ ਬ੍ਰਾਂਡ ਚੁਣਦੇ ਹੋ, ਤਾਂ ਤੁਸੀਂ ਆਪਣੇ PBS ਸਹਿ-ਭੁਗਤਾਨ ਰਕਮ ਦੇ ਉੱਪਰ ਇੱਕ ਪ੍ਰੀਮੀਅਮ ਦਾ ਭੁਗਤਾਨ ਕਰੋਗੇ।

### ਕੀ ਬਦਲ ਰਿਹਾ ਹੈ?

1 ਜਨਵਰੀ 2026 ਨੂੰ, ਮੈਡੀਕੇਅਰ ਕਾਰਡਧਾਰਕਾਂ ਲਈ PBS ਆਮ ਮਰੀਜ਼ ਸਹਿ-ਭੁਗਤਾਨ $31.60 ਤੋਂ ਘਟਾ ਕੇ $25 ਕਰ ਦਿੱਤਾ ਗਿਆ ਸੀ। ਇਸਦਾ ਮਤਲਬ ਹੈ ਕਿ ਤੁਸੀਂ ਹਰੇਕ PBS ਦਵਾਈ ਲਈ $25 ਤੋਂ ਵੱਧ ਦਾ ਭੁਗਤਾਨ ਨਹੀਂ ਕਰੋਗੇ ਅਤੇ ਆਸਟ੍ਰੇਲੀਆ ਦੇ ਬਹੁਤ ਸਾਰੇ ਲੋਕ ਮਹੱਤਵਪੂਰਨ ਬੱਚਤ ਦੇਖਣਗੇ।

ਆਖਰੀ ਵਾਰ ਜਦੋਂ PBS ਦਵਾਈਆਂ ਦੀ ਕੀਮਤ $25 ਤੋਂ ਵੱਧ ਨਹੀਂ ਸੀ ਇਹ 2004 ਵਿੱਚ ਹੋਇਆ ਸੀ - 20 ਸਾਲ ਤੋਂ ਵੱਧ ਸਮਾਂ ਪਹਿਲਾਂ।

### ਜੇ ਮੇਰੇ ਕੋਲ ਕਨਸੈਸ਼ਨ ਕਾਰਡ ਹੈ ਤਾਂ ਕੀ ਹੋਵੇਗਾ?

ਜੇਕਰ ਤੁਹਾਡੇ ਕੋਲ ਕਾਮਨਵੈਲਥ ਕਨਸੈਸ਼ਨ ਕਾਰਡ ਹੈ, ਤਾਂ ਤੁਹਾਡਾ ਮਰੀਜ਼ ਸਹਿ-ਭੁਗਤਾਨ 2030 ਤੱਕ $7.70 ਰਹੇਗਾ, ਇਸ ਲਈ ਤੁਹਾਨੂੰ PBS ਦਵਾਈਆਂ ਦੀ ਵੱਧ ਤੋਂ ਵੱਧ ਕੀਮਤ ਬਾਰੇ ਯਕੀਨੀ ਪਤਾ ਹੋਵੇਗਾ।

### ਮਰੀਜ਼ ਦੇ ਸਹਿ-ਭੁਗਤਾਨ ਨੂੰ ਕਿਉਂ ਘਟਾਇਆ ਗਿਆ ਹੈ?

PBS ਜਨਰਲ ਮਰੀਜ਼ ਦੇ ਸਹਿ-ਭੁਗਤਾਨ ਨੂੰ ਘਟਾ ਦਿੱਤਾ ਗਿਆ ਹੈ ਤਾਂ ਜੋ $25 ਤੋਂ ਵੱਧ ਦੀਆਂ ਦਵਾਈਆਂ ਨੂੰ ਹੋਰ ਕਿਫਾਇਤੀ ਬਣਾਇਆ ਜਾ ਸਕੇ। ਇਹ ਬਦਲਾਅ ਰਹਿਣ-ਸਹਿਣ ਦੀ ਲਾਗਤ ਦੇ ਦਬਾਅ ਨੂੰ ਘੱਟ ਕਰਨ ਲਈ ਕੀਤੇ ਜਾਣ ਵਾਲੇ ਕਈ ਉਪਾਵਾਂ ਦਾ ਹੀ ਹਿੱਸਾ ਹਨ, ਇਸ ਲਈ ਤੁਹਾਨੂੰ ਆਪਣੇ ਨੁਸਖੇ ਵਾਲੀ ਦਵਾਈ ਲੈਣ ਵਿੱਚ ਦੇਰੀ ਕਰਨ ਦੀ ਲੋੜ ਨਹੀਂ ਹੈ। PBS ਦੇ ਹੋਰ ਬਦਲਾਵਾਂ ਵਿੱਚ ਸ਼ਾਮਲ ਹਨ:

- ਕਾਮਨਵੈਲਥ ਕਨਸੈਸ਼ਨ ਕਾਰਡਧਾਰਕਾਂ ਲਈ ਮਰੀਜ਼ ਸਹਿ-ਭੁਗਤਾਨ ਰਕਮ ਨੂੰ 2030 ਤੱਕ $7.70 'ਤੇ ਫ਼ਿਕਸ ਕਰਨਾ (ਬੰਨ੍ਹ ਕੇ ਰੱਖਣਾ)
- 60-ਦਿਨਾਂ ਦੀ ਪਰਚੀ ਤੇ ਮਿਲਣ ਵਾਲੀਆਂ ਉਪਲਬਧ ਦਵਾਈਆਂ ਦੀ ਗਿਣਤੀ ਨੂੰ ਵਧਾਉਣਾ ਤਾਂ ਜੋ ਵੱਧ ਤੋਂ ਵੱਧ ਲੋਕ ਇੱਕ ਪਰਚੀ 'ਤੇ ਦੁੱਗਣੀ ਦਵਾਈ ਖਰੀਦ ਸਕਣ।

### ਸਬਸਿਡੀ ਵਾਲੀਆਂ ਦਵਾਈਆਂ ਕੌਣ ਲੈ ਸਕਦਾ ਹੈ?

ਮੈਡੀਕੇਅਰ ਕਾਰਡ ਵਾਲਾ ਕੋਈ ਵੀ ਧਾਰਕ PBS 'ਤੇ ਸੂਚੀਬੱਧ ਦਵਾਈਆਂ ਸਰਕਾਰੀ ਸਬਸਿਡੀ ਵਾਲੀ ਦਰ 'ਤੇ ਖਰੀਦ ਸਕਦਾ ਹੈ। ਜੇਕਰ ਤੁਹਾਡੇ ਕੋਲ ਕਾਮਨਵੈਲਥ ਕਨਸੈਸ਼ਨ ਕਾਰਡ ਹੈ, ਤਾਂ ਤੁਸੀਂ PBS ਵਾਲੀਆਂ ਦਵਾਈਆਂ ਰਿਆਇਤੀ ਦਰ 'ਤੇ ਖਰੀਦ ਸਕਦੇ ਹੋ।



Australian Government
Department of Health, Disability and Ageing

PBS
The Pharmaceutical Benefits Scheme

# ਸਸਤੀਆਂ ਦਵਾਈਆਂ

**PBS ਦਵਾਈਆਂ ਲਈ ਘੱਟ ਸਹਿ-ਭੁਗਤਾਨ**



## ਜੇਕਰ ਮੇਰੀ ਦਵਾਈ ਦੀ ਕੀਮਤ $25 ਦੀ ਸਹਿ-ਭੁਗਤਾਨ ਵਾਲੀ ਰਕਮ ਤੋਂ ਘੱਟ ਹੋਵੇ ਤਾਂ ਕੀ ਹੋਵੇਗਾ?

ਸਹਿ-ਭੁਗਤਾਨ ਰਕਮ ਤੋਂ ਘੱਟ ਕੀਮਤ ਵਾਲੀਆਂ ਦਵਾਈਆਂ ਦੀ ਕੀਮਤ ਨਹੀਂ ਘਟਾਈ ਜਾਵੇਗੀ। ਸਹਿ-ਭੁਗਤਾਨ ਤੋਂ ਘੱਟ ਕੀਮਤ ਵਾਲੀਆਂ ਦਵਾਈਆਂ ਦੀ ਕੀਮਤ ਇਕ ਫਾਰਮੇਸੀ ਤੋਂ ਦੂਸਰੀ ਫਾਰਮੇਸੀ ਤੱਕ ਵੱਖ ਹੋ ਸਕਦੀ ਹੈ। ਤੁਸੀਂ ਆਪਣੇ ਫਾਰਮਾਸਿਸਟ ਤੋਂ ਕੀਮਤ ਬਾਰੇ ਪੁੱਛ ਸਕਦੇ ਹੋ ਜਾਂ ਸਭ ਤੋਂ ਵਧੀਆ ਕੀਮਤ ਪ੍ਰਾਪਤ ਕਰਨ ਲਈ ਆਲੇ-ਦੁਆਲੇ ਪਤਾ ਕਰ ਸਕਦੇ ਹੋ।

## ਕੀ ਤਬਦੀਲੀਆਂ PBS ਸੇਫਟੀ ਨੈੱਟ ਨੂੰ ਪ੍ਰਭਾਵਤ ਕਰਨਗੀਆਂ?

ਤੁਹਾਡੇ ਵੱਲੋਂ ਪਰਚੀ ਤੇ ਲਈਆਂ ਗਈਆਂ ਜ਼ਿਆਦਾਤਰ PBS ਦਵਾਈਆਂ ਤੁਹਾਡੇ PBS ਸੇਫਟੀ ਨੈੱਟ ਦੇ ਕੁੱਲ ਜੋੜ ਵਿੱਚ ਗਿਣੀਆਂ ਜਾਂਦੀਆਂ ਹਨ। PBS ਸੇਫਟੀ ਨੈੱਟ ਦੇ ਨਾਲ, ਇੱਕ ਵਾਰ ਜਦੋਂ ਤੁਸੀਂ ਜਾਂ ਤੁਹਾਡਾ ਪਰਿਵਾਰ ਇੱਕ ਸਾਲ ਵਿੱਚ PBS ਦਵਾਈਆਂ 'ਤੇ ਇੱਕ ਨਿਸ਼ਚਿਤ ਰਕਮ ਖਰਚ ਕਰਦੇ ਹੋ, ਤਾਂ ਪ੍ਰਤੀ ਨੁਸਖ਼ੇ ਦੀ ਲਾਗਤ ਘੱਟ ਜਾਂਦੀ ਹੈ, ਜਾਂ ਮੁਫਤ ਹੋ ਸਕਦੀ ਹੈ।

ਦਵਾਈਆਂ ਦੀ ਘੱਟ ਕੀਮਤ ਦੇ ਕਾਰਨ, ਹੋ ਸਕਦਾ ਹੈ ਕਿ ਤੁਸੀਂ PBS ਸੇਫਟੀ ਨੈੱਟ ਤੱਕ ਸਾਲ ਦੇ ਅਖੀਰ ਵਿਚ ਪਹੁੰਚੋ ਜਾਂ ਬਿਲਕੁਲ ਨਾ ਪਹੁੰਚੋ। ਇਸ ਤਰ੍ਹਾਂ ਇਸ ਲਈ ਹੈ ਕਿਉਂਕਿ ਤੁਸੀਂ ਸਾਲ ਭਰ PBS ਦਵਾਈਆਂ 'ਤੇ ਵਧੇਰੇ ਬੱਚਤ ਕਰ ਰਹੇ ਹੋ।

## ਮੈਂ ਕਿੰਨੀ ਬਚਤ ਕਰਾਂਗਾ?

ਜਿਸ ਵਿਅਕਤੀ ਕੋਲ PBS ਦਵਾਈਆਂ ਵਾਲੀਆਂ ਪਰਚੀਆਂ ਹਨ ਜਿਨ੍ਹਾਂ ਦੀ ਕੀਮਤ $31.60 ਹੈ, ਉਹ ਹੁਣ ਹਰੇਕ ਦਵਾਈ ਲਈ $6.60 ਦੀ ਬਚਤ ਕਰੇਗਾ ਕਿਉਂਕਿ ਸਹਿ-ਭੁਗਤਾਨ ਘਟਾ ਕੇ $25 ਕਰ ਦਿੱਤਾ ਗਿਆ ਹੈ। ਸੰਭਾਵੀ ਬੱਚਤਾਂ ਨੂੰ ਦਰਸਾਉਣ ਲਈ ਵੱਖ-ਵੱਖ ਸਥਿਤੀਆਂ ਆਮ ਮਰੀਜ਼ਾਂ ਲਈ ਹੇਠਾਂ ਦੱਸੀਆਂ ਗਈਆਂ ਹਨ।

**2 ਨਿਯਮਤ ਨੁਸਖ਼ਿਆਂ ਵਾਲਾ ਬਾਲਗ਼: $158.40 ਦੀ ਬਚਤ**

ਪਰਚੀਆਂ: 2 ਪ੍ਰਤੀ ਮਹੀਨਾ
ਪ੍ਰਤੀ ਸਾਲ ਪਰਚੀਆਂ: 2 x 12 = 24
ਸਾਲਾਨਾ ਬੱਚਤ: 24 × $6.60 = $158.40

**5 ਜੀਆਂ ਦਾ ਪਰਿਵਾਰ ਜਿਸ ਵਿੱਚ 3 ਕਿਸ਼ੋਰ ਪੁਰਾਣੀਆਂ ਬਿਮਾਰੀਆਂ ਤੋਂ ਪੀੜਤ ਹਨ: $237.60 ਦੀ ਬਚਤ**

ਹਰੇਕ ਵਿਅਕਤੀ: ਪ੍ਰਤੀ ਮਹੀਨਾ 1 ਪਰਚੀ = ਪ੍ਰਤੀ ਸਾਲ 12
ਕੁੱਲ ਪਰਚੀਆਂ: 3 × 12 = 36
ਸਾਲਾਨਾ ਬੱਚਤ: 36 × $6.60 = $237.60

**ਕਈ ਪਰਚੀਆਂ ਵਾਲਾ ਬਾਲਗ਼: $343.20 ਦੀ ਬਚਤ**

ਜੇਕਰ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਨੂੰ ਇੱਕ ਕੈਲੰਡਰ ਸਾਲ ਵਿੱਚ 70 ਤੋਂ ਵੱਧ ਆਮ ਮਰੀਜ਼ਾਂ ਦੀਆਂ ਪਰਚੀਆਂ ਦੀ ਲੋੜ ਹੁੰਦੀ ਹੈ, ਤਾਂ ਤੁਸੀਂ PBS ਸੇਫਟੀ ਨੈੱਟ ਲਈ ਯੋਗ ਹੋ ਸਕਦੇ ਹੋ। ਫਿਰ ਨੁਸਖ਼ੇ ਸਸਤੇ ਹੋ ਜਾਣਗੇ।

## ਕੀ ਮੈਨੂੰ ਸਸਤੇ ਮੁੱਲ 'ਤੇ ਲੈਣ ਲਈ ਕੁਝ ਕਰਨ ਦੀ ਲੋੜ ਹੈ?

ਨਹੀਂ, PBS ਦਵਾਈਆਂ ਦੀਆਂ ਕੀਮਤਾਂ ਆਪਣੇ ਆਪ ਘੱਟ ਜਾਣਗੀਆਂ। ਤੁਹਾਨੂੰ ਕੁਝ ਵੀ ਕਰਨ ਦੀ ਲੋੜ ਨਹੀਂ ਹੈ।



Australian Government
Department of Health, Disability and Ageing

PBS
The Pharmaceutical Benefits Scheme

# ਸਸਤੀਆਂ ਦਵਾਈਆਂ

**PBS ਦਵਾਈਆਂ ਲਈ ਘੱਟ ਸਹਿ-ਭੁਗਤਾਨ**



## ਕੁਝ ਦਵਾਈਆਂ ਦੀ ਕੀਮਤ ਅਜੇ ਵੀ $25 ਤੋਂ ਵੱਧ ਕਿਉਂ ਹੈ?

ਦਵਾਈ ਦੇ ਸਪਲਾਇਰ ਕੁਝ ਦਵਾਈਆਂ ਲਈ ਵਾਧੂ ਪੈਸੇ ਲੈਂਦੇ ਹਨ, ਜਿਸਨੂੰ ਬ੍ਰਾਂਡ ਪ੍ਰੀਮੀਅਮ ਕਿਹਾ ਜਾਂਦਾ ਹੈ।

ਤੁਸੀਂ ਆਪਣੇ ਫਾਰਮਾਸਿਸਟ ਤੋਂ ਉਸੇ ਦਵਾਈ ਦੇ ਹੋਰ ਬ੍ਰਾਂਡਾਂ ਬਾਰੇ ਪੁੱਛ ਸਕਦੇ ਹੋ ਜਿਹੜੇ ਬ੍ਰਾਂਡ ਪ੍ਰੀਮੀਅਮ ਨਹੀਂ ਲੈਂਦੇ।

## ਕੀ 2027 ਵਿੱਚ ਸਹਿ-ਭੁਗਤਾਨ ਵਿੱਚ ਵਾਧਾ ਹੋਵੇਗਾ?

ਹਾਂ, ਆਮ ਮਰੀਜ਼ ਸਹਿ-ਭੁਗਤਾਨ ਹਰ ਸਾਲ ਖਪਤਕਾਰ ਮੁੱਲ ਸੂਚਕਾਂਕ ਦੇ ਅਨੁਸਾਰ ਵਧਦਾ ਹੈ।

ਕਾਮਨਵੈਲਥ ਕਨਸੈਸ਼ਨ ਕਾਰਡ ਧਾਰਕਾਂ ਲਈ ਸਹਿ-ਭੁਗਤਾਨ 2030 ਤੱਕ ਨਹੀਂ ਵਧੇਗਾ।

## ਕੀ ਇਹ ਬਦਲਾਅ ਦਵਾਈਆਂ ਦੀ ਸਪਲਾਈ 'ਤੇ ਅਸਰ ਪਾਵੇਗਾ?

ਨਹੀਂ, PBS ਦਵਾਈਆਂ ਲਈ ਆਮ ਮਰੀਜ਼ ਸਹਿ-ਭੁਗਤਾਨ ਘਟਾਉਣ ਨਾਲ ਦਵਾਈ ਦੀ ਸਪਲਾਈ ਪ੍ਰਭਾਵਿਤ ਹੋਣ ਜਾਂ ਦਵਾਈ ਦੀ ਘਾਟ ਵਿੱਚ ਇਸਦਾ ਯੋਗਦਾਨ ਪਾਉਣ ਦੀ ਉਮੀਦ ਨਹੀਂ ਹੈ।

## ਵਧੇਰੇ ਜਾਣਕਾਰੀ

**ਆਪਣੇ ਦਵਾਈ ਦੇ ਵਿਕਲਪਾਂ ਅਤੇ ਲਾਗਤਾਂ ਨੂੰ ਬਿਹਤਰ ਢੰਗ ਨਾਲ ਸਮਝਣ ਲਈ ਆਪਣੇ ਫਾਰਮਾਸਿਸਟ ਜਾਂ ਡਾਕਟਰ ਨਾਲ ਗੱਲ ਕਰੋ।**

PBS ਮਰੀਜ਼ ਸਹਿ-ਭੁਗਤਾਨ ਬਾਰੇ ਵਧੇਰੇ ਜਾਣਕਾਰੀ ਲਈ, ਇੱਥੇ ਜਾਓ health.gov.au/cheapermedicines



Australian Government
Department of Health, Disability and Ageing

PBS
The Pharmaceutical Benefits Scheme